

# ਕਿਰਿਆ

ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਹੋਣ ਦਾ ਜਾਂ ਕੀਤੇ ਜਾਣ ਦਾ ਪਤਾ ਲੱਗੇ ਉਸਨੂੰ ਕਿਰਿਆ ਕਹਿੰਦੇ ਹਨ।

*ਜਿਵੇਂ:- ਰਣਜੀਤ ਸਿੰਘ ਕਿਤਾਬ ਪੜ੍ਹ ਰਿਹਾ ਹੈ। ਬਸੰਤ ਕੌਰ ਖੇਡ ਰਹੀ ਹੈ।*

ਹੇਠ ਲਿਖੇ ਵਾਕਾਂ ਵਿੱਚ ਕਿਰਿਆ ਵਾਲੇ ਸ਼ਬਦਾਂ ਹੇਠ ਲਕੀਰ ਖਿੱਚੋ।

1. ਮੁੰਡੇ ਹਾਕੀ ਖੇਡਦੇ ਹਨ।
2. ਮਾਲੀ ਪੌਦਿਆਂ ਨੂੰ ਪਾਣੀ ਦਿੰਦਾ ਹੈ।
3. ਬੱਚੇ ਹਰ ਰੋਜ਼ ਸਕੂਲ ਜਾਂਦੇ ਹਨ।
4. ਅਸੀਂ ਚਿੜੀਆਘਰ ਵਿੱਚ ਸ਼ੇਰ ਵੇਖੇ।
5. ਮਦਾਰੀ ਤਮਾਸ਼ਾ ਵਿਖਾ ਰਿਹਾ ਹੈ।
6. ਵੀਰ ਸਿੰਘ ਨੇ ਤਬਲਾ ਵਜਾਇਆ।
7. ਉਸਨੇ ਸ਼ੀਸ਼ਾ ਤੋੜ ਦਿੱਤਾ।
8. ਬੱਚਾ ਸੌਂ ਰਿਹਾ ਹੈ।
9. ਰਾਜੇ ਦੀਆਂ ਫੌਜਾਂ ਬਹੁਤ ਬਹਾਦਰੀ ਨਾਲ ਲੜੀਆਂ।
10. ਹਾਥੀ ਨੇ ਰਾਜੇ ਨੂੰ ਦਲਦਲ ਵਿੱਚੋਂ ਕੱਢਿਆ।



SikhVille.org

© Vismaad